# 14

# ''ਇਹ ਰੋਟੀ ਖਾਓ''

## (6:16-69)

ਕਿਸੇ ਐਤਵਾਰ ਇਕ ਛੋਟਾ ਮੁੰਡਾ ਬੰਦਗੀ ਦੇ ਬਾਅਦ ਘਰ ਪਰਤ ਕੇ ਆਪਣੀ ਮਾਂ ਨੂੰ ਦੱਸਣ ਲੱਗਾ ਕਿ ਉਸਨੇ ਬਾਈਬਲ ਕਲਾਸ ਵਿਚ ਕੀ ਕੀ ਸਿੱਖਿਆ। ਉਸਨੇ ਸ਼ੁਰੂ ਕਰਦਿਆਂ ਆਖਿਆ, ''ਇਕ ਆਦਮੀ ਸੀ ਅਤੇ ਉਸਦਾ ਨਾਂਅ ਮੂਸਾ ਸੀ। ਉਹ ਇਨ੍ਹਾਂ ਲੋਕਾਂ ਨੂੰ ਮਿਸਰ ਵਿੱਚੋਂ ਕੱਢਣ ਲਈ ਅੱਗੇ-ਅੱਗੇ ਚੱਲ ਰਿਹਾ ਸੀ ਕਿ ਉਹ ਵੇਖਦੇ ਹਨ ਕਿ ਉਨ੍ਹਾਂ ਦੇ ਇਕ ਪਾਸੇ ਮਿਸਰ ਵਿੱਚੋਂ ਨਿਕਲਣ ਵੇਲੇ ਇਕ ਪਾਸੇ ਸਮੁੰਦਰ ਹੈ ਜਦ ਕਿ ਦੂਜੇ ਪਾਸੇ ਦੁਸ਼ਮਣ ਦੀ ਫ਼ੌਜ ਹੈ।'' ਉਸ ਦੀ ਮਾਂ ਨੇ ਉਸਨੂੰ ਜਾਰੀ ਰੱਖਣ ਲਈ ਹੌਸਲਾ ਵਧਾਉਂਦਿਆਂ ਪੁੱਛਿਆ, ''ਫਿਰ ਉਸ ਨੇ ਕੀ ਕੀਤਾ।'' ''ਉਸਨੇ ਇੰਜੀਨੀਅਰਾਂ ਨੂੰ ਸੱਦ ਲਿਆ ਅਤੇ ਸਮੁੰਦਰ ਪਾਰ ਕਰਨ ਲਈ ਆਰਜ਼ੀ ਪੁਲ ਬਣਾਇਆ। ਫਿਰ, ਜਦ ਲੋਕ ਦੂਜੇ ਕੰਢੇ ਤੇ ਪੁੱਜ ਗਏ ਤਾਂ ਮਿਸਰੀ ਫ਼ੌਜ ਵੀ ਪੁਲ ਪਾਰ ਕਰਨ ਲੱਗੀ। ਤਦ ਮੂਸਾ ਨੇ ਹਵਾਈ ਹਮਲੇ ਕਰਨ ਦਾ ਹੁਕਮ ਦਿੱਤਾ ਅਤੇ ਉਨ੍ਹਾਂ ਪੁਲ ਉਡਾ ਦਿੱਤਾ।'' ਮਾਂ ਬਾਈਬਲ ਦੀ ਆਲਮ ਨਹੀਂ ਸੀ ਪਰ ਐਨਾ ਜ਼ਰੂਰ ਜਾਣਦੀ ਸੀ ਕਿ ਇਹ ਕਹਾਣੀ ਇਵੇਂ ਨਹੀਂ ਸੀ। ਉਸਨੇ ਪੁੱਛਿਆ, ''ਭਲਾ ਤੇਰੀ ਟੀਚਰ ਨੇ ਦੱਸਿਆ ਕਿ ਬਿਲਕੁਲ ਇਹੀ ਹੋਇਆ ਸੀ?'' ਮੁੰਡੇ ਨੇ ਜਵਾਬ ਦਿੱਤਾ, ''ਨਹੀਂ, ਪਰ ਜੇ ਮੈਂ ਤੈਨੂੰ ਉਹ ਦੱਸਾਂ ਜੋ ਮੇਰੀ ਟੀਚਰ ਨੇ ਦੱਸਿਆ ਹੈ ਤਾਂ ਤੈਨੂੰ ਕਦੇ ਯਕੀਨ ਨਹੀਂ ਆਉਣਾ।''[1]

ਪੰਜ ਹਜ਼ਾਰ ਲੋਕਾਂ ਨੂੰ ਖਾਣਾ ਢੁਆਉਣਾ ਅਜਿਹੀ ਹੀ ਕਹਾਣੀ ਹੈ। ਯਿਸੂ ਨੇ ਪੰਜ ਹਜ਼ਾਰ ਆਦਮੀਆ ਦੀ ਭੁੱਖੀ ਫ਼ੌਜ ਨੂੰ ਸਿਰਫ਼ ਪੰਜ ਰੋਟੀਆਂ ਅਤੇ ਦੋ ਮੱਛੀਆਂ ਨਾਲ ਖੁਆਇਆ ਸੀ। ਢਿੱਡ ਭਰ ਕੇ ਖਾਣ ਦੇ ਬਾਅਦ ਰੋਟੀਆਂ ਦੇ ਟੁਕੜਿਆਂ ਦੇ ਬਾਰਾਂ ਟੋਕਰੇ ਇਕੱਠੇ ਕੀਤੇ ਗਏ, ਜਿਸ ਕਰਕੇ ਹੈਰਾਨੀ ਦੀ ਗੱਲ ਹੈ ਕਿ ''ਉਹ [ਉਸਨੂੰ] ਬਦੋ ਬਦੀ ਫੜ ਕੇ ਬਾਦਸ਼ਾਹ ਬਣਾਉਣ ਲਈ ਆਉਣ ਲੱਗੇ'' (6:15)। ਜੋ ਸਮਰੱਥ ਉਨ੍ਹਾਂ ਥੋੜ੍ਹੀ ਦੇਰ ਪਹਿਲਾਂ ਵੇਖੀ ਅਤੇ (ਚੱਖੀ ਸੀ) ਉਹ ਉਨ੍ਹਾਂ ਦੀ ਸਮਝ ਤੋਂ ਬਾਹਰ ਸੀ।

ਜਦ ਯਿਸੂ ਨੇ ਵੇਖਿਆ ਕਿ ਭੀੜ ਉਸਨੂੰ ਜ਼ਬਰਦਸਤੀ ਰਾਜਾ ਬਣਾਉਣ ਚਾਹੁੰਦੀ ਹੈ ਤਾਂ ਉਹ ''ਇਕੱਲਾ ਫੇਰ ਪਹਾੜ ਨੂੰ ਚਲਿਆ ਗਿਆ'' (6:15)। ਮੱਤੀ ਅਤੇ ਮਰਕੁਸ ਦੋਹਾਂ ਨੇ ਲਿਖਿਆ ਹੈ ਕਿ ਯਿਸੂ ਨੇ ਪਹਿਲਾਂ ਬਾਰ੍ਹਾਂ ਚੇਲਿਆਂ ਨੂੰ ਬੇੜੀ ਵਿਚ ਭੇਜਿਆ ਅਤੇ ਫਿਰ ਭੀੜ ਨੂੰ ਵਿਦਾ ਕੀਤਾ (ਮੱਤੀ 14:22; ਮਰਕੁਸ 6:45)। ਯੂਹੰਨਾ ਨੇ ਸਿਰਫ਼ ਐਨਾ ਲਿਖਿਆ ਹੈ ਕਿ ''ਯਿਸੂ ... ਇਕੱਲਾ ਫੇਰ ਪਹਾੜ ਨੂੰ ਚਲਿਆ ਗਿਆ'' (6:15)। ਫਿਰ, ਸ਼ਾਮ ਹੋਣ ਤਕ ਉਸ ਦੇ ਚੇਲੇ ਬੇੜੀ ਵਿਚ ਕਫ਼ਰਨਾਹੂਮ ਵੱਲ ਚਲੇ ਗਏ। ਇਸ ਕਹਾਣੀ ਵਿਚ ਜਿੱਥੇ ਯਿਸੂ ਨੂੰ ਛੰਡ ਹਰ ਕੋਈ ਬੜੀ ਉਲਝਣ ਵਿਚ ਲੱਗਦਾ ਹੈ ਉਨ੍ਹਾਂ ਨੂੰ ਲੱਗਦਾ ਸੀ ਕਿ ਉਹ ਸ਼ਾਨਦਾਰ ਕਾਮਯਾਬੀ ਤੋਂ ਮੂੰਹ ਮੋੜ ਰਿਹਾ ਹੈ। ਯਕੀਨਨ ਹੀ ਉਹ ਹੈਰਾਨ ਸਨ ਕਿ ''ਉਹਦੇ ਮਨ ਵਿਚ ਕੀ ਹੈ?''

ਉਸ ਰਾਤ ਬਾਰਾਂ ਚੇਲੇ ਹੋਰ ਵੀ ਉਲਝਣ ਵਿਚ ਸਨ। ਹਨ੍ਹੇਰੇ ਵਿਚ ਜਦ ਉਹ ਝੀਲ ਪਾਰ ਕਰ ਰਹੇ ਸਨ ਤਾਂ ਜ਼ਬਰਦਸਤ ਤੂਫ਼ਾਨ ਉੱਠਿਆ ਜਿਸ ਨਾਲ ਉਨ੍ਹਾਂ ਦੀ ਬੇੜੀ ਡੁੱਬਣ ਲੱਗੀ ਸੀ

(6: 16-18)। ਉਸ ਸਮੇਂ ਉਨ੍ਹਾਂ ਨੇ ਯਿਸੂ ਨੂੰ ਪਾਣੀ ਤੇ ਚੱਲਦਿਆਂ ਵੇਖਿਆ। ਉਨ੍ਹਾਂ ਦਾ ਸਹਿਮ ਵੇਖ ਕੇ ਉਸਨੇ ਉਨ੍ਹਾਂ ਨੂੰ ਦੱਸਿਆ, ''ਮੈਂ ਹਾਂ, ਡਰੋ ਨਾ'' (6:20)। ਉਸ ਦੇ ਬੇੜੀ ਤਕ ਚੜ੍ਹਨ ਤੇ ਉਹ ਕਫ਼ਰਨਾਹੂਮ ਵਿਚ ਪੁੱਜ ਗਏ। ਉਤੇਜਨਾ, ਹੈਰਾਨੀ, ਬੇਹੱਦ ਖੁਸ਼ੀ, ਬਹੁਤ ਤਣਾਅ ਭਰੀ ਨਿਰਾਸ਼ਾ, ਉਲਝਣ, ਭੈਅ, ਖ਼ੌਫ਼, ਰਾਹਤ, ਚੇਲਿਆਂ ਨੂੰ ਇੱਕੋ ਦਿਨ ਵਿਚ ਐਨੇ ਸਾਰੇ ਤਜਰਬੇ ਹੋ ਗਏ ਸਨ।

ਅਗਲੇ ਦਿਨ, ਜਿਹੜੀ ਭੀੜ ਉਨ੍ਹਾਂ ਦੇ ਮਗਰ ਸੀ ਅਤੇ ਜਿਨ੍ਹਾਂ ਨੇ ਰੋਟੀਆਂ ਤੇ ਮੱਛੀਆਂ ਖਾਧੀਆਂ ਸਨ, ਯਿਸੂ ਨੂੰ ਲੱਭਣ ਲੱਗੀ। ਇਹ ਪਤਾ ਲੱਗਣ ਤੇ ਕਿ ਉਹ ਕਫ਼ਰਨਾਹੂਮ ਵਿਚ ਹੈ (ਆਪਣੀ ਬਾਲਗ ਸੇਵਕਾਈ ਦੌਰਾਨ ਉਸ ਦੇ ਕੰਮ ਕਰਨ ਦਾ ਪ੍ਰਮੁੱਖ ਸਥਾਨ), ਉਸਨੂੰ ਢੂੰਡਣ ਲਈ ਆਪਣੀਆਂ ਬੇੜੀਆਂ ਉਸ ਪਾਸੇ ਲੈ ਗਏ। ਯੂਹੰਨਾ ਨੇ ਇਹ ਨਹੀਂ ਲਿਖਿਆ ਕਿ ਕਿੰਨੇ ਲੋਕ ਉਸ ਦਿਨ ਗਏ ਸਨ ਪਰ ਲੱਗਦਾ ਹੈ ਕਿ ਉਨ੍ਹਾਂ ਵਿੱਚੋਂ ਬਹੁਤੇ ਲੋਕ ਅਜੇ ਵੀ ਯਿਸੂ ਨੂੰ ਬਾਦਸ਼ਾਹ ਦਾ ਤਾਜ ਪੁਆਉਣਾ ਚਾਹੁੰਦੇ ਸਨ। ਕਫ਼ਰਨਾਹੂਮ ਪਹੁੰਚਣ ਤੇ ਯਿਸੂ ਉਨ੍ਹਾਂ ਨੂੰ ਹੈਕਲ ਵਿਚ ਮਿਲਿਆ (6:59)। ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਨੂੰ ਯਿਸੂ ਦਾ ਸਭ ਤੋਂ ਮੁਸ਼ਕਿਲ ਅਤੇ ਮਹੱਤਵਪੂਰਣ ਉਪਦੇਸ਼ ਸੁਣਨਾ ਪਵੇਗਾ ਕਿਉਂਕਿ ਉਨ੍ਹਾਂ ਨੇ ਇਹ ਸੁਣਨਾ ਸੀ ਕਿ ਯਿਸੂ ਜ਼ਿੰਦਗੀ ਦੀ ਰੋਟੀ ਹੈ।

## ਸਿੱਖਿਆ (6:25-59)

**ਸ਼ਗਿਰਦੀ ਅਸਾਨ** (6: 25-34)

ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਆਪਣੇ ਅਧਿਐਨ ਵਿਚ ਇੱਥੋਂ ਤਕ ਤੁਸੀਂ ਇਹ ਜਾਣ ਕੇ ਹੈਰਾਨ ਨਹੀਂ ਹੋਵੋਗੇ ਕਿ ਯਿਸੂ ਨੇ ਅਗਲੇ ਦਿਨ ਤਾਰੀਫ਼ ਅਤੇ ਕਬੂਲੇ ਜਾਣ ਦੇ ਦੀਨ ਸ਼ਬਦਾਂ ਨਾਲ ਭੀੜ ਨੂੰ ਸੰਬੋਧਨ ਨਹੀਂ ਕੀਤਾ। ਓਸੇ ਸਖ਼ਤੀ ਨਾਲ ਜੋ ਸਾਨੂੰ ਨਿਕੁਦੇਮੁਸ ਨੂੰ ਉਹਦੇ ਜਵਾਬ ਦੇਣ ਦੇ ਢੰਗ ਦੀ ਯਾਦ ਦੁਆਉਂਦਾ ਹੈ (3: 3), ਯਿਸੂ ਨੇ ਝੱਟ ਭੀੜ ਨੂੰ ਡਾਂਟਿਆ:

> ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਤੁਸੀਂ ਮੈਨੂੰ ਇਸ ਲਈ ਨਹੀਂ ਭਾਲਦੇ ਜੋ ਤੁਸੀਂ ਨਿਸ਼ਾਨ ਵੇਖੇ ਪਰ ਇਸ ਲਈ ਜੋ ਤੁਸੀਂ ਉਨ੍ਹਾਂ ਰੋਟੀਆਂ ਵਿਚ ਖਾ ਕੇ ਰੱਜ ਗਏ। ਨਾਸ ਹੋਣ ਵਾਲੇ ਭੋਜਨ ਲਈ ਮਿਹਨਤ ਨਾ ਕਰੋ ਸਗੋਂ ਉਸ ਭੋਜਨ ਲਈ, ਜੋ ਸਦੀਪਕ ਜੀਉਣ ਤੀਕਰ ਰਹਿੰਦਾ ਹੈ ਜਿਹੜਾ ਮਨੁੱਖ ਦਾ ਪੁੱਤਰ ਤੁਹਾਨੂੰ ਦੇਵੇਗਾ ਕਿਉਂਕਿ ਪਿਤਾ ਪਰਮੇਸ਼ੁਰ ਨੇ ਉਸ ਉੱਤੇ ਮੋਹਰ ਕਰ ਦਿੱਤੀ ਹੈ (6:26, 27)।

ਯਿਸੂ ਨੇ ਜ਼ੋਰ ਦਿੱਤਾ ਕਿ ਲੋਕਾਂ ਨੇ ਖ਼ੁਦਾ ਵੱਲੋਂ ਇਕ ਨਿਸ਼ਾਨ ਵੇਖਿਆ ਸੀ। ਉਨ੍ਹਾਂ ਨੂੰ ਪਤਾ ਲਗ ਗਿਆ ਸੀ ਕਿ ਯਿਸੂ ਦੀ ਜ਼ਿੰਦਗੀ ਵਿਚ ਖ਼ੁਦਾ ਦਾ ਹੱਥ ਸੀ। ਉਸ ਨੇ ਪਿਤਾ ਨੂੰ ਵਿਖਾਉਣ ਲਈ ਉਸ ਤੇ ਭਰੋਸਾ ਕਰਨ ਦੀ ਬਜਾਏ, ਭੀੜ ਨੇ ਮੋਅਜਜ਼ੇ ਨਾਲ ਖਾਣਾ ਬਣਾਉਣ ਦਾ ਆਪਣਾ ਹੀ ਅਰਥ ਕੱਢਿਆ। ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਵਿਸ਼ਵਾਸ ਕੀਤਾ (ਇਕ ਅਰਥ ਵਿਚ) ਜਦ ਕਿ ਅਸਲ ਵਿਚ ਉਨ੍ਹਾਂ ਨੂੰ (ਇਸ ਅਰਥ ਵਿਚ ਕਿ ਯਿਸੂ ਨੇ ਯੂਹੰਨਾ ਦੇ ਵਿਰਤਾਂਤ ਵਿਚ ਸ਼ਬਦ ਦੀ ਪਰਿਭਾਸ਼ਾ ਦਿੱਤੀ)।

ਯਿਸੂ ਨੇ ਇਹ ਵੀ ਮਹਿਸੂਸ ਕੀਤਾ ਕਿ ਭੀੜ ਨੇ ਉਸ ਨੂੰ ਆਪਣੀਆਂ ਦੁਨਿਆਵੀ ਲੋੜਾਂ ਨੂੰ

ਪੂਰਾ ਕਰਨ ਵਾਲਾ ਸਮਝਿਆ ਸੀ। ਉਹ ''ਰੋਟੀਆਂ ਵਿਚ ਖਾ ਕੇ ਰੱਜ ਗਏ'' (6:26)। ਯਿਸੂ ਨੇ ਇਸੇ ਜ਼ਿੰਦਗੀ ਵਿਚ ਬਰਕਤ ਪਾਉਣ ਲਈ ਉਸ ਦੇ ਮਗਰ ਆਉਣ ਵਾਲੇ ਕਿਸੇ ਵੀ ਆਦਮੀ ਵਿਚ ਇਹੀ ਗੱਲ ਕਹੀ ਜਾ ਸਕਦੀ ਹੈ। ਉਦਾਹਰਨ ਲਈ, ਹੋ ਸਕਦਾ ਹੈ ਕਿ ਕੋਈ ਯਿਸੂ ਦੇ ਮਗਰ ਇਸ ਲਈ ਚੱਲਦਾ ਹੋਵੇ ਕਿਉਂਕਿ ਉਸ ਨੂੰ ਵਿਸ਼ਵਾਸ ਹੈ ਕਿ ਯਿਸੂ ਉਸ ਦੇ ਕਾਰੋਬਾਰ, ਪਰਿਵਾਰ ਜਾਂ ਸਿਹਤ ਵਿਚ ਸੁਧਾਰ ਕਰੇਗਾ ਅਤੇ ਉਸਦੀ ਹਿਫ਼ਾਜ਼ਤ ਕਰੇਗਾ। ਭਾਵੇਂ ਇਹ ਸਭ ਸੱਚ ਹੋ ਸਕਦਾ ਹੈ, ਪਰ ਯਿਸੂ ਦੀ ਸਭ ਤੋਂ ਵੱਡੀ ਦਿਲਚਸਪੀ ਇਹ ਹੈ ਕਿ ਉਸ ਦੇ ਰਾਹੀਂ ਲੋਕ ਪਿਤਾ ਨੂੰ ਜਾਣ ਲੈਣ। ਇਸ ਤੋਂ ਘੱਟ ਨਕਲੀ ਧਰਮ ਹੈ! ''ਸ਼ਗਿਰਦੀ ਅਸਾਨ'' ਦੀ ਧਾਰਣਾ ਕਿ ਉਹ ਸਾਨੂੰ ਕੁਝ ਦੇਵੇਗਾ, ਅਜਿਹਾ ਵਿਚਾਰ ਹੈ ਜਿਸ ਨੂੰ ਯਿਸੂ ਠੁਕਰਾਉਂਦਾ ਹੈ।

ਭੀੜ ਯਿਸੂ ਤੋਂ ਪੁੱਛਣ ਲੱਗੀ, ''ਪਰਮੇਸ਼ੁਰ ਦੇ ਕੰਮ ਕਰਨ ਨੂੰ ਅਸੀਂ ਕੀ ਕਰੀਏ?'' (6:28)। ਯਿਸੂ ਦਾ ਜਵਾਬ ਸੀ, ''ਪਰਮੇਸ਼ੁਰ ਦਾ ਕੰਮ ਇਹ ਹੈ ਕਿ ਜਿਸ ਨੂੰ ਉਨ ਭੇਜਿਆ ਹੈ ਉਸ ਉੱਤੇ ਤੁਸੀਂ ਨਿਹਚਾ ਕਰੋ'' (6:29)। ਫਿਰ ਸਾਨੂੰ ਯਾਦ ਕਰਾਇਆ ਜਾਂਦਾ ਹੈ ਕਿ ''ਵਿਸ਼ਵਾਸ'' ਉਹੀ ਹੈ ਜਿਹੜਾ ਯੂਹੰਨਾ ਦੀ ਇੰਜੀਲ ਵਿਚ ਦੱਸਿਆ ਗਿਆ ਹੈ (20:31) ਅਤੇ ਇਸ ਦਾ ਅਰਥ ਕਿਸੇ ਗੱਲ ਨੂੰ ਸੱਚ ਮੰਨਣ ਤੋਂ ਕਿਤੇ ਵੱਧ ਹੈ। ਫਿਰ ਲੋਕਾਂ ਦੇ ਮਨਾਂ ਦੇ ਵਿਸ਼ੇ ਤੇ ਗੱਲਬਾਤ ਕੀਤੀ ਜੋ ਮੂਸਾ ਦੇ ਸਮੇਂ ''ਸੁਰਗ ਤੋਂ ਉਤਰੀ ਰੋਟੀ'' ਸੀ। ਯਿਸੂ ਨੇ ਜਵਾਬ ਦਿੱਤਾ ਕਿ ਖ਼ੁਦਾ ਹੁਣ ਮੂਸਾ ਦੇ ਮੰਨ ਤੋਂ ਵੱਧ ਹੈ ਭਾਵ ''ਸੱਚੀ ਰੋਟੀ'' ਦੇ ਰਿਹਾ ਹੈ। ਕਹਾਣੀ ਵਿਚ ਜਿੱਥੋਂ ਤਕ ਲੋਕਾਂ ਦਾ ਜਵਾਬ ਇਸ ਮੋੜ ਤੇ ਯਿਸੂ ਨਾਲ ਆਪਣੀ ਗੱਲਬਾਤ ਵਿਚ ਸਾਮਰੀ ਔਰਤ ਵਾਂਗ ਹੀ ਸੀ (4:15)। ਉਨ੍ਹਾਂ ਨੇ ਯਿਸੂ ਨੂੰ ਕਿਹਾ ਕਿ ਉਹ ਉਸਨੂੰ ਉਸ ਰੋਟੀ ਦੇਵੇ ਤਦ ਯਿਸੂ ਨੇ ਉਨ੍ਹਾਂ ਦੀ ਬੇਨਤੀ ਨੂੰ ਉਨ੍ਹਾਂ ਨੂੰ ਆਪਣੇ ਪਿੱਛੇ ਚੱਲਣ ਦੇ ਡੂੰਘੇ ਅਰਥ ਸਮਝਣ ਦੇ ਮੌਕੇ ਦੇ ਰੂਪ ਵਿਚ ਵਰਤੋਂ ਕੀਤੀ।

**ਸ਼ਗਿਰਦੀ ਔਖੀ** (6:35-52)

''ਜ਼ਿੰਦਗੀ ਦੀ ਰੋਟੀ ਮੈਂ ਹਾਂ'' (6:35) ਸ਼ਬਦਾਂ ਨਾਲ ਯਿਸੂ ਦੇ ਆਹਮੋ ਸਾਹਮਣੇ ਹੋਣ ਤੇ ਉਨ੍ਹਾਂ ਵਿਚਕਾਰ ਬੰਬ ਫਟਣ ਵਾਂਗ ਹੋਣਗੇ। ''ਮੈਂ ਹਾਂ'' ਵਾਕ ਅੰਸ਼ ਬਲਦੀ ਝਾੜੀ ਵਿੱਚੋਂ ਮੂਸਾ ਨੂੰ ਖ਼ੁਦਾ ਦੇ ''ਮੈਂ ਹਾਂ ਜੋ ਹਾਂ'' (ਕੂਚ 3:14) ਕਹਿਣ ਵਾਂਗ ਸੀ। ਯਕੀਨਨ ਹੀ ਇਹ ਕੋਈ ਅਚਾਨਕ ਹੋਈ ਗੱਲਬਾਤ ਨਹੀਂ ਸੀ ਭਾਵ ਯਿਸੂ ਯੂਹੰਨਾ ਦੇ ਵਿਰਤਾਂਤ ਵਿਚ ਆਪਣੀ ਖ਼ੁਦਾਈ ਬਾਰੇ ਵਿਚ ਲੋਕਾਂ ਦੇ ਸਵਾਲਾਂ ਦਾ ਸਾਹਮਣਾ ਕਰਦਾ ਆ ਰਿਹਾ ਸੀ। ਫਿਰ ਯਿਸੂ ਆਪਣੇ ਆਪ ਨੂੰ ਉਸ ਇੱਕੋ ਭਾਵ ਪਰਮੇਸ਼ੁਰ ਦੇ ਰੂਪ ਵਿਚ ਪੇਸ਼ ਕਰਨ ਲਈ ਅੱਗੇ ਵਧਿਆ ਜੋ ਉਨ੍ਹਾਂ ਦੀਆਂ ਵੱਡੀਆਂ ਤੋਂ ਵੱਡੀਆਂ ਲੋੜਾਂ ਨੂੰ ਪੂਰੀਆਂ ਕਰ ਸਕਦਾ ਹੈ। ਬਹੁਤ ਵਾਰ, ਅਸੀਂ ਆਪਣੀਆਂ ਨਿੱਕੀਆਂ-ਨਿੱਕੀਆਂ ਲੋੜਾਂ ਉਨ੍ਹਾਂ ਦਾ ਪੇਟ ਭਰਨਾ ਨਹੀਂ ਸਗੋਂ ਉਨ੍ਹਾਂ ਦੀ ਰੂਹ ਨੂੰ ਤ੍ਰਿਪਤ ਕਰਨਾ ਹੈ। ਉਸ ਨੇ ਉਨ੍ਹਾਂ ਦੀਆਂ ਰੂਹਾਂ ਨੂੰ ਤ੍ਰਿਪਤ ਕਰਨ ਵਾਲੇ ਭੋਜਨ ਦੇ ਰੂਪ ਵਿਚ ਆਪਣੇ ਆਪ ਨੂੰ ਪੇਸ਼ ਕੀਤਾ ਯਿਸੂ ਜਾਣਦਾ ਸੀ ਕਿ ਲੋਕ ਖਾਣਾ ਅਤੇ ਸਿਆਸੀ ਆਜ਼ਾਦੀ ਜਿਹੀਆਂ ਨਿੱਕੀਆਂ-ਨਿੱਕੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਸਨੂੰ ਲੱਭ ਰਹੇ ਸਨ। ਉਹ ਜਾਣਦਾ ਸੀ ਕਿ ਉਨ੍ਹਾਂ ਦੀ ਸਭ ਤੋਂ ਵੱਡੀ ਲੋੜ ਖ਼ੁਦਾ ਹੈ।

ਜਵਾਬ ਵਿਚ ਲੋਕ ਬੁੜਬੜਾਉਣ ਲੱਗੇ। ਫਿਰ, ਸਾਨੂੰ ਕੂਚ ਦੀ ਕਿਤਾਬ ਦੀ ਕਹਾਣੀ ਯਾਦ ਆਉਂਦੀ ਹੈ ਕਿ ਜਦ ਇਸਰਾਏਲੀ ਬੁੜਬੁੜਾ ਰਹੇ ਸਨ ਜਿਵੇਂ ਖ਼ੁਦਾ ਨੂੰ ਉਨ੍ਹਾਂ ਦੀ ਪਰਵਾਹ ਹੀ

ਨਾ ਹੋਵੇ। ਯਹੂਦੀ ਇਸ ਲਈ ਬੁੜਬੁੜਾ ਰਹੇ ਸਨ ਕਿਉਂਕਿ ਯਿਸੂ ਆਪਣੇ ਆਪ ਨੂੰ ਰਾਜਾ ਨਹੀਂ ਬਣ ਰਿਹਾ ਸੀ। ਕੁਝ ਲੋਕ ਯਿਸੂ ਦੇ ਦੁਨਿਆਵੀ ਪਰਿਵਾਰ ਦੀਆਂ ਗੱਲਾਂ ਕਰਨ ਲੱਗੇ ਸਨ ਜੋ ਉਨ੍ਹਾਂ ਨੂੰ ਉਸਦੀ ਸਾਦਾ ਜਿਹੀ ਸ਼ੁਰੂਆਤ ਲਗਦੀ ਸੀ। ਲਗਦਾ ਹੈ ਕਿ ਉਹ ਉਸ ਨੂੰ ''ਨਬੀ'' (6: 14) ਮੰਨ ਸਕਦੇ ਸਨ ਅਤੇ ਉਸਨੂੰ ਆਪਣਾ ਰਾਜਾ ਬਣਾਉਣ ਲਈ ਕਾਹਲੇ ਸਨ ਪਰ ਉਹ ਉਨ੍ਹਾਂ ਨੂੰ ਆਪਣੀ ਭਰਪੂਰੀ ਵਿਚ ਸੁਰਗੋਂ ਆਇਆ ਖ਼ੁਦਾ ਦਾ ਪੁੱਤਰ ਨਹੀਂ ਮੰਨ ਸਕਦੇ ਸਨ। ਉਸ ਦੀਆਂ ਸਿੱਖਿਆਵਾਂ ਨਾਲ ਉਲਝਣ ਤੇ ਪਰੇਸ਼ਾਨੀ ਵਿਚ ਪਈ ਭੀੜ ਤੋਂ ਤੁਹਾਨੂੰ ਕੀ ਲਗਦਾ ਹੈ ਕਿ ਯਿਸੂ ਨੇ ਬਾਅਦ ਵਿਚ ਕੀ ਕੀਤਾ। ਭਾਵੇਂ ਮੇਰਾ ਧਿਆਨ ਝਗੜੇ ਨੂੰ ਘੱਟ ਕਰਨਾ ਅਤੇ ਸੁਣਨ ਵਾਲਿਆਂ ਨੂੰ ਤਸੱਲੀ ਦੇਣ ਤੇ ਹੋ ਸਕਦਾ ਹੈ ਪਰ ਯਿਸੂ ਦਾ ਫ਼ੈਸਲਾ ਸਭ ਤੋਂ ਵੱਧ ਅਤੇ ਬਾਈਬਲ ਵਿਚ ਕਿਤੇ ਵੀ ਪਾਈ ਜਾਣ ਵਾਲੀ ਸਖ਼ਤ ਸਿੱਖਿਆ ਤੇ ਜ਼ੋਰ ਦਿੰਦਾ ਹੈ।

**ਮੁਕੰਮਲ ਸ਼ਗਿਰਦੀ** (6: 53-56)

ਯਿਸੂ ਨੇ ਕਿਹਾ, ''ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਜੋ ਕੋਈ ਮੇਰਾ ਮਾਸ ਖਾਂਦਾ ਅਤੇ ਮੇਰਾ ਲਹੂ ਪੀਂਦਾ ਹੈ ਸਦੀਪਕ ਜੀਉਣ ਉਸੇ ਦਾ ਹੈ ਅਤੇ ਮੈਂ ਅੰਤ ਦੇ ਦਿਨ ਉਹ ਨੂੰ ਜੀਉਂਦਾ ਉਠਾਵਾਂਗਾ'' (6:53)। ਮਸੀਹੀ ਵਿਸ਼ਵਾਸ ਦੇ ਮੁੱਢਲੇ ਵਰ੍ਹਿਆਂ ਵਿਚ ਮਸੀਹੀ ਲੋਕਾਂ ਤੇ ਆਦਮਖੋਰ ਹੋਣ ਦਾ ਇਲਜ਼ਾਮ ਲਾਇਆ ਜਾਂਦਾ ਸੀ। ਬਾਹਰ ਦੇ ਲੋਕ ਆਮ ਤੌਰ ਤੇ ਮਸੀਹੀ ਲੋਕਾਂ ਦੀ ਭਾਸ਼ਾ ਤੋਂ ਹੈਰਾਨ ਹੁੰਦੇ ਸਨ, ਖਾਸ ਕਰ ਜਦ ਉਹ ਯਿਸੂ ਨੂੰ ਆਪਣੀ ਦੇਹ ਖਾਣ ਅਤੇ ਲਹੂ ਪੀਣ ਦੀ ਗੱਲ ਕਰਦਿਆਂ ਸੁਣਦੇ! ਅਜਿਹੀਆਂ ਸਖ਼ਤ ਗੱਲਾਂ ਕਹਿਣ ਤੋਂ ਉਸਦਾ ਕੀ ਭਾਵ ਸੀ?

ਭੀੜ ਵਿਚ ਬਹੁਤ ਸਾਰੇ ਲੋਕਾਂ ਨੂੰ ਉਸਦੀਆਂ ਗੱਲਾਂ ਕਿਸੇ ਪਾਗਲ ਦੇ ਚੀਕਣ ਵਾਂਗ ਲਗਦੀਆਂ ਹੋਣਗੀਆਂ ਪਰ ਯਿਸੂ ਇਹ ਜ਼ੋਰ ਦੇ ਰਿਹਾ ਸੀ ਮਨੁੱਖ ਦੇ ਪੁੱਤਰ ਨਾਲ ਯੋਗ ਸਬੰਧ ਰੱਖਣਾ ਭਸਮ ਕਰਨ ਵਾਲੀ ਅੱਗ ਹੈ। ਯਿਸੂ ਇਹ ਜ਼ੋਰ ਦਿੰਦਾ ਸੀ ਕਿ ਹਰ ਸੱਚਾ ਪੈਰੋਕਾਰ ''ਮੇਰੇ ਵਿਚ ਬਣਿਆ ਰਹਿੰਦਾ ਹੈ, ਅਤੇ ਮੈਂ ਉਸ ਵਿਚ'' (6:56)। ਉਸ ਨੇ ਰਾਜੇ ਦੇ ਆਪਣੇ ਲੋਕਾਂ ਦੇ, ਇਕ ਜਰਨੈਲ ਦੇ ਆਪਣੀ ਫ਼ੌਜ ਦੇ, ਜਾਂ ਰੱਬੀ ਭਾਵ ਧਾਰਮਿਕ ਗੁਰੂ ਦੇ ਆਪਣੇ ਸ਼ਗਿਰਦਾਂ ਦੇ ਨੇੜੇ ਹੋਣ ਦੇ ਉਲਟ ਆਪਣੇ ਚੇਲਿਆਂ ਦੇ ਹੋਰ ਨੇੜੇ ਹੋਣਾ ਸੀ। ਯਿਸੂ ਨੇ ਰੋਟੀ ਵਾਂਗ, ਉਨ੍ਹਾਂ ਦੇ ਸਰੀਰ ਦੇ ਹਰ ਅੰਗ ਵਿਚ ਪਚ ਕੇ ਜਜ਼ਬ ਹੋਣ ਤੇ ਜ਼ੋਰ ਦਿੱਤਾ। ਦੂਜੇ ਸ਼ਬਦਾਂ ਵਿਚ ਯਿਸੂ ਕਹਿ ਰਿਹਾ ਸੀ, ''ਮੈਨੂੰ ਆਪਣੇ ਜਿਸਮ ਦੇ ਅੰਗਾਂ ਵਿਚ ਵੀ ਵੱਸ ਜਾਣ ਦਿਓ।''

ਯਿਸੂ ਦਾ ਇਹ ਸੰਦੇਸ਼ ਅੱਜ ਵੀ ਉਵੇਂ ਹੀ ਹੈਰਾਨ ਅਤੇ ਭੈਭੀਤ ਕਰਨ ਵਾਲਾ ਹੈ ਜਿਵੇਂ ਇਹ ਦੋ ਹਜ਼ਾਰ ਸਾਲ ਪਹਿਲਾਂ ਸੀ। ਉਹ ਉਨ੍ਹਾਂ ਲੋਕਾਂ ਨਾਲ ਜੋ ਉਹਦੇ ਚੇਲੇ ਬਣਨਾ ਚਾਹੁੰਦੇ ਹਨ, ਲਾਪਰਵਾਹੀ ਵਾਲੇ ਸਬੰਧ ਨੂੰ ਨਕਾਰਦਾ ਹੈ। ਉਹ ਅੱਜ ਵੀ ਸਾਡੇ ਉਵੇਂ ਹੀ ਨੇੜੇ ਹੋਣਾ ਚਾਹੁੰਦਾ ਹੈ ਜਿਵੇਂ ਸਾਡੀਆਂ ਨਸਾਂ ਵਿਚ ਲਹੂ, ਸਾਡੇ ਫੇਫੜਿਆਂ ਵਿਚ ਸਾਹ, ਜਾਂ ਸਾਡੀਆਂ ਹੱਡੀਆਂ ਵਿਚ ਗੁੱਦਾ ਹੈ। ਉਹ ਸਾਡੀਆਂ ਜ਼ਿੰਦਗੀਆਂ ਦੀਆਂ ਗੁਪਤ ਥਾਂਵਾਂ ਤੇ ਜਾਣਾ ਚਾਹੁੰਦਾ ਹੈ ਭਾਵੇਂ ਉਹ ਸਾਡੇ ਬੈਂਕ ਦੇ ਖਾਤੇ ਹੋਣ, ਸਾਡੇ ਵਿਆਹਕ ਸਬੰਧ, ਜਾਂ ਸਾਡੀਆਂ ਖ਼ਾਹਿਸ਼ਾਂ। ਜ਼ਿੰਦਗੀ ਦੀ ਰੋਟੀ ਦੇ ਰੂਪ ਵਿਚ ਉਸ ਨੂੰ ਸਾਡੇ ਨਾਲ ਸੌ ਫ਼ੀਸਦੀ ਮਜ਼ਬੂਤ ਰਿਸ਼ਤੇ ਤੋਂ ਘੱਟ ਕਬੂਲ ਨਹੀਂ ਹੋਵੇਗਾ।

# ਜਵਾਬ (6:60-69)

**ਭੀੜ** (6: 60-66)

ਯਿਸੂ ਦਾ ਸੰਦੇਸ਼ ਸੁਣ ਕੇ ਭੀੜ ਬੁੜਬੁੜ ਕਰਨ ਲੱਗੀ। ਉਨ੍ਹਾਂ ਮੰਨਿਆ ਕਿ ਇਹ ਸਿੱਖਿਆਵਾਂ ''ਔਖੀਆਂ'' (6: 60) ਹਨ। ਸਿੱਖਿਆਵਾਂ ਔਖੀਆਂ ਹੋਣ ਕਰਕੇ ਉਨ੍ਹਾਂ ਦੇ ਮਨ ਵੀ ਸਖ਼ਤ ਹੋ ਗਏ ਸਨ। ਫਿਰ ਬਾਈਬਲ ਦੀਆਂ ਸਭ ਤੋਂ ਦਰਦਨਾਕ ਆਇਤਾਂ ਵਿੱਚੋਂ ਇਕ ਵਿਚ ਯੂਹੰਨਾ ਲਿਖਦਾ ਹੈ ਕਿ ''ਇਸ ਗੱਲ ਤੋਂ ਉਹ ਦੇ ਚੇਲਿਆਂ ਵਿੱਚੋਂ ਬਹੁਤੇ ਪਿਛਾਹਾਂ ਨੂੰ ਫਿਰ ਗਏ ਅਤੇ ਮੁੜ ਉਹ ਦੇ ਨਾਲ ਨਾ ਚੱਲੇ'' (6: 66)। ਗਲੀਲ ਵਿਚ ਯਿਸੂ ਦੀ ਜਨਤਕ ਸੇਵਕਾਈ ਵਿਚ ਇਹ ਮੋੜ ਸੀ। ਫੇਰ ਕਦੇ ਉਸ ਨੂੰ ਐਨੀ ਮਸ਼ਹੂਰੀ ਅਤੇ ਭੀੜ ਉਸ ਦੇ ਨਾਲ ਨਾ ਹੋਈ ਜਿੰਨੀ ਉਸ ਦਿਨ ਸੀ ਜਦ ਉਸਨੇ ਪੰਜ ਹਜ਼ਾਰ ਲੋਕਾਂ ਨੂੰ ਖੁਆਇਆ ਸੀ। ਲੋਕਾਂ ਦੀ ਭੀੜ ਆਈ ਸੀ, ਉਨ੍ਹਾਂ ਨੇ ਸੁਰਗੋਂ ਉੱਤਰਿਆ ਖਾਣਾ ਖਾਧਾ ਸੀ, ਉਹ ਰੁਮਾਂਚਿਤ ਹੋ ਗਏ ਸਨ, ਉਨ੍ਹਾਂ ਯਿਸੂ ਦੀ ਮੁਸ਼ਕਿਲ ਸਿੱਖਿਆ ਨੂੰ ਸੁਣਿਆ ਅਤੇ ਅਖ਼ੀਰ ਉਹ ਉੱਥੋਂ ਚਲੇ ਗਏ ਸਨ। ਉਹ ਯਿਸੂ ਨੂੰ ਰਾਜੇ ਦੇ ਰੂਪ ਵਿਚ ਮੰਨਣ ਨੂੰ ਤਿਆਰ ਸਨ ਪਰ ਆਪਣੇ ਪ੍ਰਭੂ ਦੇ ਰੂਪ ਵਿਚ ਕਬੂਲ ਕਰਨ ਨੂੰ ਨਹੀਂ।

**ਬਾਰਾਂ ਚੇਲੇ** (6: 67-69)

ਨਿਰਾਸ਼ ਅਤੇ ਗੁੱਸੇ ਹੋਏ ਦੇ ਆਪਣੇ ਕੋਲੋਂ ਚਲੇ ਜਾਣ ਤੇ, ਯਿਸੂ ਨੇ ਬਾਰ੍ਹਾਂ ਚੇਲਿਆਂ ਵੱਲ ਮੁੜ ਕੇ ਕਿਹਾ ਜੇ ਉਹ ਛੱਡ ਕੇ ਜਾਣਾ ਚਾਹੁਣ ਤਾਂ ਜਾ ਸਕਦੇ ਹਨ। ਪਤਰਸ ਨੇ, ਜਿਵੇਂ ਕਈ ਵਾਰ ਕਰਦਾ ਸੀ, ਇਸ ਦਾ ਅਰਥ ਸਮਝੇ ਬਗੈਰ, ਪਰ ਬੜੀ ਸਿਆਣਪ ਵਾਲਾ ਜਵਾਬ ਦਿੱਤਾ। ਉਸ ਨੇ ਕਿਹਾ, ''ਪ੍ਰਭੂ ਜੀ ਅਸੀਂ ਕਿਹ ਦੇ ਕੋਲ ਜਾਈਏ? ਸਦੀਪਕ ਜੀਉਣ ਦੀਆਂ ਗੱਲਾਂ ਤਾਂ ਤੇਰੇ ਕੋਲ ਹਨ'' (6: 68)। ਪਤਰਸ ਅਤੇ ਹੋਰ ਗਿਆਰਾਂ ਚੇਲੇ ਵੀ ਹੋ ਸਕਦਾ ਹੈ ਦੂਜੇ ਲੋਕਾਂ ਵਾਂਗ ਉਲਝਣ ਅਤੇ ਪਰੇਸ਼ਾਨੀ ਵਿਚ ਹੋਣ, ਪਰ ਉਨ੍ਹਾਂ ਨੂੰ ਸਮਝ ਆ ਗਈ ਸੀ ਕਿ ਯਿਸੂ ਹੀ ਉਨ੍ਹਾਂ ਦੀ ਉਮੀਦ ਹੈ। ਇਹ ਲੱਗਣ ਦੇ ਬਾਵਜੂਦ ਕਿ ਉਸ ਨੇ ਉਨ੍ਹਾਂ ਨੂੰ ਨਿਰਾਸ਼ ਕੀਤਾ ਹੈ, ਉਹ ਉਸ ਤੇ ਵਿਸ਼ਵਾਸ ਕਰਦੇ ਰਹੇ। ਦੂਜਿਆਂ ਦੇ ਚਲੇ ਜਾਣ ਅਤੇ ਉਨ੍ਹਾਂ ਦੇ ਉੱਥੇ ਰਹਿਣ ਤੇ, ਅਸੀਂ ਵੇਖਦੇ ਹਾਂ ਕਿ ਬਾਰਾਂ ਚੇਲਿਆਂ ਨੂੰ ਦੂਜੇ ਭਾਵ ਅਸਲੀ ਵਿਸ਼ਵਾਸ ਬਾਈਬਲ ਵੱਲ ਲਿਜਾਇਆ ਜਾਂਦਾ ਹੈ।

ਫ਼੍ਰਾਂਸਿਸ ਸ਼ੈਫ਼ਰ[2] ਦਾ ਮੰਨਣਾ ਸੀ ਕਿ ਜੋ ਕੁਝ ਪਤਰਸ ਨੇ ਇਨ੍ਹਾਂ ਆਇਤਾਂ ਵਿਚ ਕਿਹਾ, ਉਸ ਨਾਲ ਪਰਮੇਸ਼ੁਰ ਵਿਚ ਵਿਸ਼ਵਾਸ ਕਰਨ ਲਈ ਲੋਕਾਂ ਨੂੰ ਲਿਆਉਣ ਦਾ ਰਾਹ ਖੁੱਲ੍ਹਿਆ ਹੈ। ਖ਼ੁਦਾ ਬਾਰੇ ਬੇਵਿਸ਼ਵਾਸੇ ਲੋਕਾਂ ਨੂੰ ਦੱਸਦਿਆਂ ਅਤੇ ਉਹ ਉਨ੍ਹਾ ਨੂੰ ਵਿਸ਼ਵਾਸ ਦੇ ਬਦਲਾਂ ਵੱਲ ਵੇਖਣ ਲਈ ਮਜਬੂਰ ਕਰਦਾ। ਉਹ ਉਨ੍ਹਾਂ ਤੋਂ ਪੁੱਛਦਾ ਕਿ ਕੀ ਉਹ ਅਜਿਹੇ ਸਸਾਰ ਵਿਚ ਰਹਿਣ ਲਈ ਤਿਆਰ ਹਨ ਜਿੱਥੇ ਕੋਈ ਸਹੀ ਜਾਂ ਗਲਤ ਨਾ ਹੋਵੇ, ਕੋਈ ਆਸ ਨਾ ਹੋਵੇ, ਅਤੇ ਮਨੁੱਖੀ ਗੌਰਵ ਦੀ ਬੁਨਿਆਦ ਨਾ ਹੋਵੇ। ਉਹ ਮੰਨਦਾ ਸੀ ਕਿ ਉਹ ਮਨੁੱਖੀ ਜੀਵ ਅਜਿਹੀ ਵਿਅਰਥਤਾ ਵਿਚ ਨਹੀਂ ਰਹਿ ਸਕਦੇ। ਲੋਕਾਂ ਨੂੰ ਪਤਰਸ ਦੇ ਅਹਿਸਾਸ ਕਿ ''ਹੇ ਪ੍ਰਭੂ ਅਸੀਂ ਕਿਸ ਕੋਲ਼ ਜਾਈਏ? ਅਬਦੀ ਜ਼ਿੰਦਗੀ ਦੀਆਂ ਗੱਲਾਂ ਤਾਂ ਤੇਰੇ ਕੋਲ਼ ਹਨ'' ਤਕ ਲਿਆਉਣ ਲਈ ਨਿਰਾਸ਼ਾ ਦੇ ਕੰਢੇ ਤਕ ਨਹੀਂ ਲਿਆਇਆ।

## ਸਾਰ

ਇਸ ਪਾਠ ਨੂੰ ਖ਼ਤਮ ਕਰਨ ਤੋਂ ਪਹਿਲਾਂ ਸਾਨੂੰ ਇਕ ਹੋਰ ਜਵਾਬ ਤੇ ਧਿਆਨ ਦੇਣ ਦੀ ਲੋੜ ਹੈ ਅਤੇ ਉਹ ਹੈ ਭੀੜ ਨੂੰ ਯਿਸੂ ਦਾ ਜਵਾਬ। ਯੂਹੰਨਾ ਦੇ ਵਿਰਤਾਂਤ ਵਿਚ ਪਹਿਲੇ ਅਧਿਆਇ ਵਿਚ ਹੀ ਇਹ ਵਿਖਾਇਆ ਗਿਆ ਹੈ ਕਿ ਖ਼ੁਦਾ ਦੇ ਸਨਾਤਨ ਵਚਨ ਵਿਚ ਆ ਕੇ ''ਸਾਡੇ ਵਿਚ ਡੇਰਾ ਕਰਨ'' ਲਈ ਬਹੁਤ ਅੱਗੇ ਵਧ ਗਿਆ। ਉਹ ਮਨੁੱਖ ਜਾਤੀ ਦੀ ਭਾਲ ਵਿਚ ਆਇਆ। ਜਦ ਭੀੜ ਉਸਦੀ ਸਿੱਖਿਆ ਤੋਂ ਦੂਰ ਜਾਣ ਲੱਗੀ ਤਾਂ ਉਸਨੇ ਕੀ ਕੀਤਾ? ਯਿਸੂ ਤੋਂ ਵਧ ਕੇ ਕਦੇ ਵੀ ਕਿਸੇ ਨੇ ਲੋਕਾਂ ਦਾ ਬਚਾਅ ਨਹੀਂ ਚਾਹਿਆ, ਫਿਰ ਵੀ ਉਹ ਖੜੇ ਹੋ ਕੇ ਉਨ੍ਹਾਂ ਨੂੰ ਜਾਂਦੇ ਵੇਖਣ ਨੂੰ ਤਿਆਰ ਸੀ। ਮੈਨੂੰ ਵਿਸ਼ਵਾਸ ਹੈ ਕਿ ਉਸ ਦਾ ਮਨ ਦੁਖੀ ਸੀ ਪਰ ਉਹ ਉਸਦੇ ਉੱਥੇ ਰਹਿਣ ਤੇ ਉਨ੍ਹਾਂ ਨੂੰ ਆਪਣਾ ਮਿੱਠਾ ਸੰਦੇਸ਼ ਲੈ ਕੇ ਉਨ੍ਹਾਂ ਦੇ ਮਗਰ ਮਗਰ ਨਹੀਂ ਭੱਜਾ, ਉਨ੍ਹਾਂ ਨੂੰ ਵਾਪਸ ਲਿਆਉਣ ਲਈ ਉਹ ਉਨ੍ਹਾਂ ਅੱਗੇ ਗਿੜਗਿੜਾਇਆ ਨਹੀਂ! ਉਹ ਜ਼ਿੰਦਗੀ ਦੀ ਰੋਟੀ ਸੀ ਅਤੇ ਹੈ, ਭਾਵ ''ਮਨੁੱਖ ਦੇ ਪੁੱਤਰ ਦਾ ਮਾਸ ਖਾਣ, ਅਤੇ ਉਸਦਾ ਲਹੂ ਪੀਣ'' (6:53) ਨਾਲੋਂ ਘੱਟ ਕੁਝ ਵੀ ਕਬੂਲ ਨਹੀਂ ਕਰੇਗਾ। ਇਹ ਇਕ ਸਖ਼ਤ ਪਰ ਇੱਕੋ ਸੰਦੇਸ਼ ਹੈ ਜਿਸ ਵਿਚ ਜ਼ਿੰਦਗੀ ਹੈ!

ਜਿਵੇਂ ਯਿਸੂ ਨੇ ਅਰੰਭਿਕ ਚੇਲਿਆਂ ਨੂੰ ਆਪਣੇ ਮਗਰ ਚੱਲਣ ਦੀ ਔਖੀ ਪਸੰਦ ਚੁਣਨ ਲਈ ਕਿਹਾ ਸੀ, ਉਸੇ ਤਰ੍ਹਾਂ ਉਹ ਅੱਜ ਸਾਨੂੰ ਵੀ ਕਹਿੰਦਾ ਹੈ। ਸਾਡੇ ਲਈ ਉਸ ਸਖ਼ਤ ਸੰਦੇਸ਼ ਨੂੰ ਕਬੂਲ ਕਰਨਾ ਜ਼ਰੂਰੀ ਹੈ। ਉਸਦੇ ਬਗੈਰ ਅਸੀਂ ਗੁਆਚੇ ਹੋਏ ਹਾਂ ਅਤੇ ਵਿਸ਼ਵਾਸ ਦੇ ਆਪਣੇ ਸਫ਼ਰ ਵਿਚ ਅਸੀਂ ਉਸ ਦੇ ਹੁਕਮ ਮੰਨਣ ਤਕ ਚੱਲਦੇ ਜਾਈਏ। ਇਹ ਸਫ਼ਰ ਵਿਸ਼ਵਾਸ (ਆਪਣੀ ਜ਼ਿੰਦਗੀ ਵਿਚ ਯਿਸੂ ਤੇ ਭਰੋਸਾ ਕਰ ਕੇ) ਤੌਬਾ (ਆਪਣੀ ਪਾਪ ਭਰੀ ਜ਼ਿੰਦਗੀ ਤੋਂ ਮੁੜਨ) ਅਤੇ ਬਪਤਿਸਮੇ (ਪਾਣੀ ਅਤੇ ਆਤਮਾ ਤੋਂ [ਨਵਾਂ] ਜਨਮ ''ਲੈਣ''; ਯੂਹੰਨਾ 3:5) ਨਾਲ ਸ਼ੁਰੂ ਹੁੰਦੀ ਹੈ। ਫਿਰ, ਯੂਹੰਨਾ ਦੇ ਵਿਰਤਾਂਤ ਵਿਚਲੇ ਸ਼ਬਦਾਂ ਦੀ ਵਰਤੋਂ ਕਰੀਏ ਤਾਂ ਸਾਡੇ ਵਿੱਚੋਂ ਹਰ ਕਿਸੇ ਲਈ ਉਸ ਵਿਚ ਉਵੇਂ ਹੀ ਬਣੇ ਰਹਿਣਾ ਜ਼ਰੂਰੀ ਹੈ ਜਿਵੇਂ ਉਹ ਸਾਡੇ ਵਿਚ ਬਣਿਆ ਰਹਿੰਦਾ ਹੈ (ਯੂਹੰਨਾ 6:56; 15:4-7)।

---

ਟਿੱਪਣੀਆਂ

[1]ਲਿਓਨ ਮੌਰਿਸ, *ਐਕਸਪੋਜ਼ਿਟਰੀ ਰਿਫ਼ਲੈਕਸ਼ੰਜ ਆਨ ਦ ਗੌਸਪਲ ਆਫ਼ ਜੌਨ* (ਗ੍ਰੈਂਡ ਰੈਪਿਡਸ, ਮਿਸ਼ਿਗਨ, ਬੇਕਰ ਬੁੱਕ ਹਾਊਸ, 1988), 175 ਵਿਚ ਦੱਸਿਆ ਗਿਆ। [2]ਫ੍ਰਾਂਸਿਸ ਏ. ਸ਼ੈਫਰ, *ਦਿ ਗੌਡ ਹੂ ਇਜ਼ ਦੇਅਰ* (ਡਾਊਨਰਸ ਗ੍ਰੋਵ, ਇਲਿਨੋਇਃ ਇੰਟਰਵਰਸਿਟੀ ਪ੍ਰੈੱਸ, 1968), 126-31.